Leicestershire **Police**

Protecting our communities

# ਜੁਰਮ ਤੋਂ ਪੀੜ੍ਹਿਤਾਂ ਲਈ ਜਾਣਕਾਰੀ




| | |
|---|---|
| ਜੁਰਮ/ਵਾਰਦਾਤ/ ਘਟਨਾ ਨੰਬਰ: | |
| ਜੁਰਮ ਦੀ ਕਿਸਮ: | |
| ਹਾਜ਼ਰ ਅਫ਼ਸਰ: | |
| ਜਾਂਚ ਕਰਨ ਵਾਲਾ ਅਫ਼ਸਰ: | |
| ਜਾਂਚ ਕਰਨ ਵਾਲੇ ਅਫ਼ਸਰ ਦਾ ਸੰਪਰਕ ਵੇਰਵਾ: | |

ਵਾਰਦਾਤ ਦੀ ਤਾਰੀਖ਼:    ਰਿਪੋਰਟ ਕਰਨ ਦੀ ਤਾਰੀਖ਼:

# ਵਿਸ਼ਾ-ਵਸਤੂ




ਭੂਮਿਕਾ 3

ਪੀੜਿਤਾਂ ਲਈ ਸੰਹਿਤਾ ਦੇ ਤਹਿਤ ਤੁਸੀਂ ਕਿਸ ਦੇ ਹੱਕਦਾਰ ਹੋ? 4

Victim First ਕੀ ਹੈ ਅਤੇ ਉਹ ਮੇਰੀ ਮਦਦ ਕਿਵੇਂ ਕਰ ਸਕਦੇ ਹਨ? 6

ਮੈਂ ਹੁਣ ਜੁਰਮ ਦੀ ਰਿਪੋਰਟ ਕੀਤੀ ਹੈ ਤਾਂ ਇਸ ਤੋਂ ਬਾਅਦ ਕੀ ਹੋਵੇਗਾ? 7

ਤਾਂ ਮੇਰੇ ਗਵਾਹ ਦੇ ਬਿਆਨ ਨਾਲ ਕੀ ਹੋਵੇਗਾ? 7

ਮੇਰਾ ਗਵਾਹ ਦਾ ਬਿਆਨ ਕੌਣ ਵੇਖੇਗਾ? 7


ਤੁਹਾਡੇ ਜੁਰਮ ਨਾਲ ਨਜਿੱਠਣਾ 8

ਪੀੜਿਤ ਦਾ ਵਿਅਕਤੀਗਤ ਬਿਆਨ (VPS) ਦੇਣਾ 9

ਵਪਾਰਕ ਪ੍ਰਭਾਵ ਦਾ ਬਿਆਨ (BIS) 10

ਕੀ ਮੈਨੂੰ ਅਦਾਲਤ ਜਾਣਾ ਪਵੇਗਾ? 10

ਜੁਰਮ ਦੀ ਰੋਕਥਾਮ ਲਈ ਸਲਾਹ ਅਤੇ ਵਧੇਰੇ ਜਾਣਕਾਰੀ 11



# ਭੂਮਿਕਾ

**ਲੈਸਟਰਸ਼ਾਇਰ ਪੁਲਿਸ (Leicestershire Police) ਪੀੜਿਤਾਂ ਅਤੇ ਗਵਾਹਾਂ ਨੂੰ ਆਪਣੇ ਕੰਮ ਦੇ ਕੇਂਦਰ ਵਿੱਚ ਰੱਖਦੇ ਹੋਏ ਉਨ੍ਹਾਂਨੂੰ ਸ਼ਾਨਦਾਰ ਸੇਵਾ ਪ੍ਰਦਾਨ ਕਰਨ ਲਈ ਵਚਨਬੱਧ ਹੈ।**

ਇਹ ਪੁਸਤਿਕਾ ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਵਿੱਚ ਪੇਸ਼ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਨੂੰ ਸਮਝਣ ਵਿੱਚ ਜੁਰਮ ਦੁਆਰਾ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕਰਨ ਲਈ ਤਿਆਰ ਕੀਤੀ ਗਈ ਹੈ ਅਤੇ ਇਸ ਬਾਰੇ ਦੱਸਦੀ ਹੈ ਕਿ ਤੁਸੀਂ ਪੁਲਿਸ ਅਤੇ ਉਨ੍ਹਾਂ ਹੋਰ ਲੋਕਾਂ ਤੋਂ ਕੀ ਉਮੀਦ ਕਰ ਸਕਦੇ ਹੋ ਜਿਨ੍ਹਾਂ ਦਾ ਕੰਮ ਤੁਹਾਡੀ ਮਦਦ ਕਰਨਾ ਹੈ।

Victim First ਨਾਂ ਦੀ ਇੱਕ ਮੁਫ਼ਤ, ਸੁਤੰਤਰ ਅਤੇ ਗੁਪਤ ਸੇਵਾ ਰਾਹੀਂ ਤੁਹਾਡੇ ਲਈ ਕਈ ਸਥਾਨਕ ਸੇਵਾਵਾਂ ਉਪਲਬਧ ਹਨ। ਉਹ ਜੁਰਮ ਨਾਲ ਨਜਿੱਠਣ ਅਤੇ ਉਸਦੇ ਅਸਰ ਤੋਂ ਬਾਹਰ ਆਉਣ ਵਿੱਚ ਲੋਕਾਂ ਦੀ ਮਦਦ ਕਰਦੀ ਹੈ ਭਾਵੇਂ ਉਨ੍ਹਾਂ ਨੂੰ ਫ਼ੋਨ 'ਤੇ ਜਾਣਕਾਰੀ ਅਤੇ ਸਲਾਹ ਜਾਂ ਵਧੇਰੀਆਂ ਮਾਹਰ ਸੇਵਾਵਾਂ ਤੱਕ ਪਹੁੰਚ ਦੀ ਲੋੜ ਹੋਵੇ ਜਿਵੇਂ ਰੂ-ਬ-ਰੂ ਸਲਾਹ। ਹੋ ਸਕਦਾ ਹੈ ਇਸ ਵੇਲੇ ਤੁਸੀਂ Victim First ਨਾਲ ਸੰਪਰਕ ਨਾ ਕਰਨਾ ਚਾਹੋ ਪਰ ਕਿਰਪਾ ਕਰਕੇ ਇਹ ਪੁਸਤਿਕਾ ਆਪਣੇ ਕੋਲ ਰੱਖੋ ਤਾਂ ਜੋ ਭਵਿੱਖ ਵਿੱਚ ਤੁਸੀਂ ਇੰਝ ਕਰਨਾ ਚਾਹੋ।

ਜੁਰਮ ਤੋਂ ਪੀੜਿਤਾਂ ਦੇ 12 ਅਧਿਕਾਰ ਹਨ ਜੋ ਇੱਕ ਰਾਸ਼ਟਰੀ ਵਿਹਾਰ-ਸੰਹਿਤਾ ਦੇ ਵਿੱਚ ਨਿਰਧਾਰਿਤ ਕੀਤੇ ਗਏ ਹਨ ਜਿਸਨੂੰ ਪੀੜਿਤਾਂ ਲਈ ਸੰਹਿਤਾ ਕਿਹਾ ਜਾਂਦਾ ਹੈ। ਇਨ੍ਹਾਂ ਵਿੱਚ ਜੁਰਮ ਦੀ ਰਿਪੋਰਟ ਕਰਨ ਵੇਲੇ ਲਿਖਤੀ ਪੁਸ਼ਟੀ ਕਰਨ ਦਾ ਅਧਿਕਾਰ; ਤੁਹਾਡੀਆਂ ਜ਼ਰੂਰਤਾਂ ਦੇ ਮੁਤਾਬਕ ਤਿਆਰ ਕੀਤੀਆਂ ਗਈਆਂ ਸੇਵਾਵਾਂ ਅਤੇ ਸਹਾਇਤਾ ਹਾਸਿਲ ਕਰਨ ਦਾ ਅਧਿਕਾਰ; ਇਸ ਬਾਰੇ ਜਾਣਕਾਰੀ ਕਿ ਅਪਰਾਧਿਕ ਨਿਆਂ ਪ੍ਰਣਾਲੀ ਤੋਂ ਕੀ ਉਮੀਦ ਕੀਤੀ ਜਾਣੀ ਚਾਹੀਦੀ ਹੈ ਅਤੇ ਜਾਂਚ ਅਤੇ ਕਿਸੇ ਵੀ ਸੰਭਾਵੀ ਮੁਕੱਦਮੇ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਸ਼ਾਮਲ ਹੈ।

ਅਸੀਂ ਜਾਣਦੇ ਹਾਂ ਕਿ ਕਿਸੇ ਜੁਰਮ ਤੋਂ ਪੀੜਿਤ, ਜਾਂ ਗਵਾਹ, ਹੋਣਾ ਦੁਖਦਾਈ ਹੋ ਸਕਦਾ ਹੈ ਅਤੇ ਕਦੇ-ਕਦਾਈਂ ਜ਼ਿੰਦਗੀ ਨੂੰ ਬਦਲਣ ਵਾਲੀ ਘਟਨਾ ਹੋ ਸਕਦੀ ਹੈ। ਇਹ ਵੱਖੋ-ਵੱਖ ਤਰੀਕਿਆਂ ਨਾਲ ਵੱਖੋ-ਵੱਖ ਲੋਕਾਂ ਨੂੰ ਪ੍ਰਭਾਵਤ ਕਰ ਸਕਦਾ ਹੈ।

ਕਿਰਪਾ ਕਰਕੇ ਭਰੋਸਾ ਰੱਖੋ ਕਿ ਤੁਹਾਨੂੰ ਆਪਣੇ ਆਪ ਇਸ ਸਥਿਤੀ ਦਾ ਸਾਮ੍ਹਣਾ ਕਰਨ ਦੀ ਜ਼ਰੂਰਤ ਨਹੀਂ ਹੈ; ਅਜਿਹੇ ਲੋਕਾਂ ਦੀਆਂ ਟੀਮਾਂ ਮੌਜੂਦ ਹਨ ਜੋ ਹਰ ਕਦਮ 'ਤੇ ਤੁਹਾਡੀ ਮਦਦ ਕਰਨਗੇ ਅਤੇ ਇਸ ਪੁਸਤਿਕਾ ਵਿੱਚ ਦਿੱਤੀ ਗਈ ਜਾਣਕਾਰੀ ਇਸ ਬਾਰੇ ਜਾਣਨ ਵਿੱਚ ਤੁਹਾਡੀ ਮਦਦ ਕਰੇਗੀ ਕਿ ਕੀ ਸਹੂਲਤਾਂ ਪੇਸ਼ ਕੀਤੀਆਂ ਜਾ ਰਹੀਆਂ ਹਨ।

ਪੀੜਿਤਾਂ ਲਈ ਜਾਣਕਾਰੀ ਦੇ EasyRead ਅਤੇ ਅੰਡਰ-18 ਸੰਸਕਰਣ ਵੀ ਉਪਲਬਧ ਹਨ।

# ਪੀੜਿਤਾਂ ਲਈ ਸੰਹਿਤਾ ਦੇ ਤਹਿਤ ਤੁਸੀਂ ਕਿਸ ਦੇ ਹੱਕਦਾਰ ਹੋ?

**ਜੇਕਰ ਤੁਸੀਂ ਇੰਗਲੈਂਡ ਜਾਂ ਵੇਲਜ਼ ਵਿੱਚ ਜੁਰਮ ਤੋਂ ਪੀੜਿਤ ਹੋ ਤਾਂ, ਜੇਕਰ ਤੁਸੀਂ ਕੋਈ ਵਿਅਕਤੀ ਜਾਂ ਕਾਰੋਬਾਰ ਹੋ, ਤਾਂ ਤੁਸੀਂ ਜੁਰਮ ਤੋਂ ਪੀੜਿਤਾਂ ਲਈ ਵਿਹਾਰ ਸੰਹਿਤਾ ਦੇ ਤਹਿਤ ਅਪਰਾਧਿਕ ਨਿਆਂ ਏਜੰਸੀਆਂ ਵੱਲੋਂ ਸਹਾਇਤਾ ਦੇ ਹੱਕਦਾਰ ਹੋ, ਭਾਵੇਂ ਤੁਸੀਂ ਪੁਲਿਸ ਨੂੰ ਘਟਨਾ ਦੀ ਰਿਪੋਰਟ ਨਹੀਂ ਕਰਦੇ।**

## 1 ਸਮਝਣ ਦੇ ਯੋਗ ਹੋਣਾ ਅਤੇ ਸਮਝਿਆ ਜਾਣਾ

ਤੁਹਾਨੂੰ ਇੱਕ ਸਮਝਣ ਵਿੱਚ ਅਸਾਨ ਢੰਗ ਨਾਲ ਜਾਣਕਾਰੀ ਦਿੱਤੇ ਜਾਣ ਅਤੇ ਸਮਝੇ ਜਾਣ ਲਈ ਮਦਦ ਮੁਹੱਈਆ ਕੀਤੇ ਜਾਣ ਦਾ **ਅਧਿਕਾਰ** ਹੈ, ਜਿਸ ਵਿੱਚ, ਜਿੱਥੇ ਜ਼ਰੂਰੀ ਹੋਵੇ, ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ ਤੱਕ ਪਹੁੰਚ ਸ਼ਾਮਲ ਹੈ।

## 2 ਨਾਜਾਇਜ਼ ਦੇਰੀ ਤੋਂ ਬਿਨਾਂ ਜੁਰਮ ਦੇ ਵੇਰਵੇ ਨੂੰ ਰਿਕਾਰਡ ਕਰਵਾਉਣਾ

ਤੁਹਾਨੂੰ ਘਟਨਾ ਤੋਂ ਬਾਅਦ ਜਿੰਨੀ ਛੇਤੀ ਹੋ ਸਕੇ ਪੁਲਿਸ ਦੁਆਰਾ ਜੁਰਮ ਦੇ ਵੇਰਵੇ ਨੂੰ ਰਿਕਾਰਡ ਕੀਤੇ ਜਾਣ ਦਾ **ਅਧਿਕਾਰ** ਹੈ। ਜੇਕਰ ਤੁਹਾਡੇ ਲਈ ਗਵਾਹ ਦਾ ਬਿਆਨ ਜਾਂ ਇੰਟਰਵਿਊ ਦੇਣਾ ਜ਼ਰੂਰੀ ਹੈ, ਤਾਂ ਤੁਹਾਨੂੰ ਇਸ ਪ੍ਰਕ੍ਰਿਆ ਵਿੱਚ ਤੁਹਾਡੀ ਮਦਦ ਲਈ ਵਾਧੂ ਸਹਾਇਤਾ ਮੁਹੱਈਆ ਕੀਤੇ ਜਾਣ ਦਾ **ਅਧਿਕਾਰ** ਹੈ।

## 3 ਜੁਰਮ ਦੀ ਰਿਪੋਰਟ ਕਰਨ ਵੇਲੇ ਜਾਣਕਾਰੀ ਪ੍ਰਦਾਨ ਕੀਤੀ ਜਾਵੇ

ਤੁਹਾਨੂੰ ਜੁਰਮ ਦੀ ਰਿਪੋਰਟ ਕਰਨ ਵੇਲੇ ਲਿਖਤੀ ਪੁਸ਼ਟੀ ਪ੍ਰਾਪਤ ਕਰਨ, ਅਪਰਾਧਿਕ ਨਿਆਂ ਪ੍ਰਕ੍ਰਿਆ ਬਾਰੇ ਜਾਣਕਾਰੀ ਪ੍ਰਦਾਨ ਕੀਤੇ ਜਾਣ ਅਤੇ ਪੀੜਿਤਾਂ ਲਈ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਦੱਸੇ ਜਾਣ ਦਾ **ਅਧਿਕਾਰ** ਹੈ। ਇਸ ਵਿੱਚ ਉਹ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ ਜਿੱਥੇ ਤੁਸੀਂ ਸੰਦਿਗਧ ਜਾਂ ਅਪਰਾਧੀ ਨੂੰ ਮਿਲ ਸਕਦੇ ਹੋ, ਜਿਸਨੂੰ ਬਹਾਲੀ ਇਨਸਾਫ਼ ਕਿਹਾ ਜਾਂਦਾ ਹੈ।

## 4 ਪੀੜਿਤਾਂ ਦੀ ਸਹਾਇਤਾ ਕਰਨ ਵਾਲੀਆਂ ਸੇਵਾਵਾਂ ਨੂੰ ਹਵਾਲਾ ਦਿੱਤਾ ਜਾਵੇ ਅਤੇ ਤੁਹਾਡੀਆਂ ਜ਼ਰੂਰਤਾਂ ਦੇ ਮੁਤਾਬਕ ਤਿਆਰ ਕੀਤੀਆਂ ਗਈਆਂ ਸੇਵਾਵਾਂ ਅਤੇ ਸਹਾਇਤਾ ਹਾਸਿਲ ਕਰਨਾ

ਤੁਹਾਨੂੰ ਪੀੜਿਤਾਂ ਦੀ ਸਹਾਇਤਾ ਕਰਨ ਵਾਲੀਆਂ ਸੇਵਾਵਾਂ ਨੂੰ ਹਵਾਲਾ ਦਿੱਤੇ ਜਾਣ ਦਾ **ਅਧਿਕਾਰ** ਹੈ, ਜਿਨ੍ਹਾਂ ਵਿੱਚ ਉਨ੍ਹਾਂ ਨਾਲ ਸਿੱਧਾ ਸੰਪਰਕ ਕਰਨ ਅਤੇ ਤੁਹਾਡੀਆਂ ਜ਼ਰੂਰਤਾਂ ਦਾ ਮੁਲਾਂਕਣ ਕਰਵਾਉਣ ਦਾ **ਅਧਿਕਾਰ** ਸ਼ਾਮਲ ਹੈ ਤਾਂ ਜੋ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸੇਵਾਵਾਂ ਅਤੇ ਸਹਾਇਤਾ ਨੂੰ ਤਿਆਰ ਕੀਤਾ ਜਾ ਸਕੇ। ਜੇਕਰ ਤੁਸੀਂ ਯੋਗ ਹੋ, ਤਾਂ ਤੁਹਾਨੂੰ ਮਾਹਰ ਸਹਾਇਤਾ ਸੇਵਾਵਾਂ ਨੂੰ ਹਵਾਲਾ ਦਿੱਤੇ ਜਾਣ ਅਤੇ ਅਦਾਲਤ ਵਿੱਚ ਉਪਲਬਧ ਵਾਧੂ ਸਹਾਇਤਾ ਬਾਰੇ ਦੱਸੇ ਜਾਣ ਦਾ **ਅਧਿਕਾਰ** ਹੈ, ਉਦਾਹਰਨ ਲਈ ਵਿਸ਼ੇਸ਼ ਉਪਾਅ।

## 5 ਮੁਆਵਜ਼ੇ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇ

ਜਿੱਥੇ ਤੁਸੀਂ ਯੋਗ ਹੋ, ਤੁਹਾਨੂੰ ਇਸ ਬਾਰੇ ਦੱਸੇ ਜਾਣ ਦਾ **ਅਧਿਕਾਰ** ਹੈ ਕਿ ਜੁਰਮ ਦੇ ਨਤੀਜੇ ਵੱਜੋਂ ਕਿਸੇ ਵੀ ਨੁਕਸਾਨ, ਹਾਨੀ ਜਾਂ ਸੱਟ ਲਈ ਮੁਆਵਜ਼ੇ ਦਾ ਦਾਅਵਾ ਕਿਵੇਂ ਕਰਨਾ ਹੈ।

## 6 ਜਾਂਚ ਅਤੇ ਮੁਕੱਦਮੇ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇ

ਤੁਹਾਨੂੰ ਆਪਣੇ ਮੁਕੱਦਮੇ ਬਾਰੇ ਅਪਡੇਟਸ ਪ੍ਰਦਾਨ ਕੀਤੇ ਜਾਣ ਅਤੇ ਮਹੱਤਵਪੂਰਨ ਫੈਸਲੇ ਲੈਣ ਵੇਲੇ ਦੱਸੇ ਜਾਣ ਦਾ **ਅਧਿਕਾਰ** ਹੈ। ਤੁਹਾਨੂੰ, ਨਿਆਂ ਪ੍ਰਕ੍ਰਿਆ ਦੇ ਕੁਝ ਪੜਾਵਾਂ ’ਤੇ, ਢੁੱਕਵੇਂ ਸੇਵਾ ਪ੍ਰਦਾਤਾ ਦੁਆਰਾ ਫੈਸਲਿਆਂ ’ਤੇ ਮੁੜ ਵਿਚਾਰ ਕਰਨ ਦੀ ਮੰਗ ਕਰਨ ਦਾ **ਅਧਿਕਾਰ** ਵੀ ਹੈ।

# ਪੀੜਿਤਾਂ ਲਈ ਜ਼ਾਬਤੇ ਦੇ ਤਹਿਤ ਤੁਸੀਂ ਕਿਸ ਦੇ ਹੱਕਦਾਰ ਹੋ?

## 7 ਪੀੜਿਤ ਦਾ ਵਿਅਕਤੀਗਤ ਬਿਆਨ ਦੇਣਾ

ਤੁਹਾਨੂੰ ਪੀੜਿਤ ਦਾ ਵਿਅਕਤੀਗਤ ਬਿਆਨ ਦੇਣ ਦਾ **ਅਧਿਕਾਰ** ਹੈ, ਜੋ ਅਦਾਲਤ ਨੂੰ ਇਹ ਦੱਸਦਾ ਹੈ ਕਿ ਜੁਰਮ ਨੇ ਤੁਹਾਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ ਅਤੇ ਅਪਰਾਧੀ ਨੂੰ ਸਜ਼ਾ ਸੁਣਾਉਣ ਵੇਲੇ ਉਸਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਤੁਹਾਨੂੰ ਪ੍ਰਕ੍ਰਿਆ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

## 8 ਮੁਕੱਦਮੇ, ਮੁਕੱਦਮੇ ਦੀ ਪ੍ਰਕ੍ਰਿਆ ਅਤੇ ਗਵਾਹ ਦੇ ਤੌਰ 'ਤੇ ਤੁਹਾਡੀ ਭੂਮਿਕਾ ਬਾਰੇ ਜਾਣਕਾਰੀ ਦਿੱਤੀ ਜਾਵੇ

ਜੇਕਰ ਤੁਹਾਡਾ ਮਾਮਲਾ ਅਦਾਲਤ ਵਿੱਚ ਜਾਂਦਾ ਹੈ, ਤਾਂ ਤੁਹਾਨੂੰ ਸਮੇਂ ਸਿਰ ਕਿਸੇ ਵੀ ਸੁਣਵਾਈ ਦੇ ਸਮੇਂ, ਤਾਰੀਖ਼ ਅਤੇ ਅਸਥਾਨ ਅਤੇ ਉਨ੍ਹਾਂ ਸੁਣਵਾਈਆਂ ਦੇ ਨਤੀਜਿਆਂ ਬਾਰੇ ਦੱਸੇ ਜਾਣ ਦਾ **ਅਧਿਕਾਰ** ਹੈ। ਜੇਕਰ ਤੁਹਾਨੂੰ ਸਬੂਤ ਪੇਸ਼ ਕਰਨ ਦੀ ਲੋੜ ਹੈ, ਤਾਂ ਤੁਹਾਨੂੰ ਮੁਕੱਦਮੇ ਤੋਂ ਪਹਿਲਾਂ ਉਚਿਤ ਮਦਦ ਪੇਸ਼ ਕੀਤੇ ਜਾਣ ਅਤੇ, ਜਿੱਥੇ ਮੁਮਕਿਨ ਹੋਵੇ, ਜੇਕਰ ਅਦਾਲਤ ਇਜਾਜ਼ਤ ਦਿੰਦੀ ਹੈ, ਤਾਂ ਸਬੂਤ ਪੇਸ਼ ਕਰਨ ਤੋਂ ਪਹਿਲਾਂ ਵਕੀਲ ਨੂੰ ਮਿਲਣ ਦਾ **ਅਧਿਕਾਰ** ਹੈ।

## 9 ਮੁਕੱਦਮੇ ਅਤੇ ਕਿਸੇ ਵੀ ਅਪੀਲ ਦੇ ਨਤੀਜੇ ਬਾਰੇ ਜਾਣਕਾਰੀ ਦਿੱਤੀ ਜਾਵੇ

ਤੁਹਾਨੂੰ ਮੁਕੱਦਮੇ ਦੇ ਨਤੀਜਾ ਦੱਸੇ ਜਾਣ ਅਤੇ, ਜੇਕਰ ਪ੍ਰਤਿਵਾਦੀ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਸਜ਼ਾ ਦਾ ਬਿਓਰਾ ਦਿੱਤੇ ਜਾਣ ਦਾ **ਅਧਿਕਾਰ** ਹੈ। ਜੇਕਰ ਅਪਰਾਧੀ ਆਪਣੇ ਦੋਸ਼ੀ ਠਹਿਰਾਏ ਜਾਣ ਜਾਂ ਸਜ਼ਾ ਦੇ ਖ਼ਿਲਾਫ਼ ਅਪੀਲ ਕਰਦਾ ਹੈ ਤਾਂ ਤੁਹਾਨੂੰ ਅਪੀਲ ਅਤੇ ਉਸਦੇ ਨਤੀਜੇ ਬਾਰੇ ਦੱਸੇ ਜਾਣ ਦਾ **ਅਧਿਕਾਰ** ਹੈ।

## 10 ਖ਼ਰਚਿਆਂ ਦਾ ਭੁਗਤਾਨ ਕੀਤਾ ਜਾਵੇ ਅਤੇ ਸੰਪੱਤੀ ਵਾਪਸ ਕੀਤੀ ਜਾਵੇ

ਜੇਕਰ ਤੁਹਾਡੇ ਲਈ ਅਦਾਲਤ ਵਿੱਚ ਹਾਜ਼ਿਰ ਹੋਣਾ ਅਤੇ ਸਬੂਤ ਪੇਸ਼ ਕਰਨਾ ਜ਼ਰੂਰੀ ਹੈ, ਤਾਂ ਤੁਹਾਨੂੰ ਕੁਝ ਖ਼ਰਚਿਆਂ ਲਈ ਦਾਅਵਾ ਕਰਨ ਦਾ **ਅਧਿਕਾਰ** ਹੈ।
ਜੇਕਰ ਸਬੂਤ ਦੇ ਤੌਰ 'ਤੇ ਤੁਹਾਡੀ ਸੰਪੱਤੀ ਲਈ ਗਈ ਸੀ, ਤਾਂ ਤੁਹਾਨੂੰ ਜਿੰਨੀ ਛੇਤੀ ਹੋ ਸਕੇ ਉਸਨੂੰ ਵਾਪਸ ਲੈਣ ਦਾ **ਅਧਿਕਾਰ** ਹੈ।

## 11 ਜੁਰਮ ਸਾਬਿਤ ਹੋਣ ਤੋਂ ਬਾਅਦ ਅਪਰਾਧੀ ਬਾਰੇ ਜਾਣਕਾਰੀ ਦਿੱਤੀ ਜਾਵੇ

ਜਿੱਥੇ ਤੁਸੀਂ ਯੋਗ ਹੋ, ਤੁਹਾਨੂੰ ਆਪਣੇ ਆਪ ਪੀੜਿਤ ਸੰਪਰਕ ਸਕੀਮ ਵਿੱਚ ਭੇਜੇ ਜਾਣ ਦਾ **ਅਧਿਕਾਰ** ਹੈ, ਜੋ ਤੁਹਾਨੂੰ ਅਪਰਾਧੀ ਅਤੇ ਜੇਲ੍ਹ ਵਿੱਚ ਉਸਦੀ ਪ੍ਰਗਤੀ, ਅਤੇ ਜੇਕਰ/ਜਦੋਂ ਉਹ ਪੈਰੋਲ ਜਾਂ ਰਿਹਾਈ ਬਾਰੇ ਵਿਚਾਰ ਕੀਤੇ ਜਾਣ ਲਈ ਯੋਗ ਹੁੰਦਾ ਹੈ, ਤਾਂ ਇਸ ਬਾਰੇ ਜਾਣਕਾਰੀ ਮੁੱਹਈਆ ਕਰੇਗੀ। ਜਿੱਥੇ ਲਾਗੂ ਹੋਵੇ, ਤੁਹਾਨੂੰ ਪੀੜਿਤ ਦਾ ਵਿਅਕਤੀਗਤ ਤਾਜ਼ਾ ਬਿਆਨ ਦੇਣ ਦਾ **ਅਧਿਕਾਰ** ਹੈ, ਜਿਸ ਵਿੱਚ ਤੁਸੀਂ ਇਹ ਦੱਸ ਸਕਦੇ ਹੋ ਕਿ ਅਜੇ ਵੀ ਜੁਰਮ ਤੁਹਾਨੂੰ ਕਿਵੇਂ ਪ੍ਰਭਾਵਿਤ ਕਰ ਰਿਹਾ ਹੈ।

## 12 ਤੁਹਾਡੇ ਅਧਿਕਾਰ ਪੂਰੇ ਨਾ ਕੀਤੇ ਜਾਣ ਬਾਰੇ ਸ਼ਿਕਾਇਤ ਕਰਨਾ

ਜੇਕਰ ਤੁਸੀਂ ਮੰਨਦੇ ਹੋ ਕਿ ਤੁਹਾਨੂੰ ਆਪਣੇ **ਅਧਿਕਾਰ** ਪ੍ਰਾਪਤ ਨਹੀਂ ਹੋਏ ਹਨ, ਤਾਂ ਤੁਹਾਨੂੰ ਸੰਬੰਧਿਤ ਸੇਵਾ ਪ੍ਰਦਾਤਾ ਨੂੰ ਸ਼ਿਕਾਇਤ ਕਰਨ ਦਾ **ਅਧਿਕਾਰ** ਹੈ। ਜੇਕਰ ਤੁਸੀਂ ਨਾਖੁਸ਼ ਰਹਿੰਦੇ ਹੋ, ਤਾਂ ਤੁਸੀਂ ਸੰਸਦੀ ਅਤੇ ਸਿਹਤ ਸੇਵਾ ਲੋਕਪਾਲ ਨਾਲ ਸੰਪਰਕ ਕਰ ਸਕਦੇ ਹੋ।

ਇਹ ਪੀੜਿਤਾਂ ਅਤੇ ਗਵਾਹਾਂ ਦੇ ਕਨੂੰਨੀ ਅਧਿਕਾਰ ਹਨ ਜੋ ਅਪ੍ਰੈਲ 2021 ਤੋਂ ਕਨੂੰਨ ਵਿੱਚ ਵਿਵਸਥਿਤ ਕੀਤੇ ਗਏ ਹਨ। ਤੁਸੀਂ ਵਧੇਰੀ ਵਿਸਤ੍ਰਿਤ ਜਾਣਕਾਰੀ ਇੱਥੇ ਪ੍ਰਾਪਤ ਕਰ ਸਕਦੇ ਹੋ:
https://assets.publishing.service.gov.uk/government/uploads/system/uploads/attachment_data/file/936239/victims-code-2020.pdf

# Victim First ਕੀ ਹੈ ਅਤੇ ਉਹ ਮੇਰੀ ਮਦਦ ਕਿਵੇਂ ਕਰ ਸਕਦੇ ਹਨ?

**ਜੁਰਮ ਦੇ ਪੀੜਿਤ ਦੇ ਤੌਰ 'ਤੇ, ਪੁਲਿਸ ਤੁਹਾਡੀ ਜਾਣਕਾਰੀ, ਅਤੇ ਸੰਪਰਕ ਵੇਰਵਾ, Victim First ਨੂੰ ਦੇਣ ਲਈ ਤੁਹਾਡੀ ਇਜਾਜ਼ਤ ਮੰਗੇਗੀ ਜੋ 48 ਘੰਟਿਆਂ ਦੇ ਅੰਦਰ ਤੁਹਾਡੇ ਨਾਲ ਸੰਪਰਕ ਕਰਨਗੇ। ਇਹ ਜਾਂਚ ਟੀਮ ਦੇ ਨਾਲ 'ਪੀੜਤ ਇਕਰਾਰਨਾਮੇ' ਦਾ ਹਿੱਸਾ ਹੋਵੇਗਾ।**

ਪੀੜਿਤ ਦੀ ਅਗਵਾਈ ਵਾਲੀ ਇਹ ਸੇਵਾ ਇਹ ਯਕੀਨੀ ਬਣਾਉਣ ਲਈ ਤਿਆਰ ਕੀਤੀ ਗਈ ਹੈ ਕਿ ਨਿਆਂ ਪ੍ਰਕ੍ਰਿਆ ਦੇ ਹਰ ਪੜਾਅ 'ਤੇ ਪੀੜਿਤ ਅਤੇ ਗਵਾਹ ਦੀਆਂ ਜ਼ਰੂਰਤਾਂ ਨੂੰ ਪ੍ਰਮੁੱਖ ਅਤੇ ਸਭ ਤੋਂ ਪਹਿਲਾਂ ਰੱਖਿਆ ਜਾਂਦਾ ਹੈ। ਇਹ ਮੁਫ਼ਤ, ਪੁਲਿਸ ਤੋਂ ਆਜ਼ਾਦ ਅਤੇ ਗੁਪਤ ਹੈ। Victim First ਕੋਲ ਪੇਸ਼ੇਵਰ ਕੇਸ ਵਰਕਰਾਂ ਦੀ ਇਕ ਟੀਮ ਹੈ, ਜਿਨ੍ਹਾਂ ਨੂੰ ਸਮਰਪਿਤ ਅਤੇ ਬਹੁਤ ਹੀ ਵਧੇਰੇ ਸਿਖਲਾਈ ਵਾਲੇ ਵਾਲੰਟੀਅਰਾਂ ਦਾ ਸਮਰਥਨ ਹਾਸਲ ਹੈ, ਜਿਸ ਨਾਲ ਉਹ ਪੀੜਿਤਾਂ ਨੂੰ ਉਨ੍ਹਾਂ ਦੀ ਬਹਾਲੀ ਦੇ ਸਫ਼ਰ ਦੌਰਾਨ ਸਮਰਥਨ ਦੇ ਸਕਨ।

Victim First ਲੈਸਟਰਸ਼ਾਇਰ ਪੁਲਿਸ ਅਤੇ ਵੱਖੋ-ਵੱਖ ਖੇਤਰਾਂ ਵਿੱਚ ਸਹਾਇਤਾ, ਜਾਣਕਾਰੀ ਅਤੇ ਅਗਵਾਈ ਪੇਸ਼ ਕਰਨ ਵਾਲੀਆਂ ਹੋਰ ਏਜੰਸੀਆਂ ਦੇ ਨਾਲ ਸਾਂਝੀਦਾਰੀ ਵਿੱਚ ਕੰਮ ਕਰਦੀ ਹੈ। ਪੁਲਿਸ ਅਤੇ ਕ੍ਰਾਈਮ ਕਮਿਸ਼ਨਰ ਦੇ ਦਫ਼ਤਰ ਦੁਆਰਾ ਇਸ ਸੇਵਾ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਇਹ Catch22 ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ।

### Victim First ਇਹ ਪੇਸ਼ ਕਰਦੀ ਹੈ:

- ਗੁਪਤ ਤਰੀਕੇ ਨਾਲ ਗੱਲ ਕਰਨ ਲਈ ਕੋਈ ਵਿਅਕਤੀ (ਰੂ-ਬ-ਰੂ ਮੀਟਿੰਗਾਂ ਜਾਂ ਟੈਲੀਫ਼ੋਨ ਸਹਾਇਤਾ)
- ਜਾਣਕਾਰੀ ਅਤੇ ਸਲਾਹ
- ਪੀੜਿਤਾਂ ਵੱਲੋਂ ਪੁਲਿਸ ਅਤੇ ਹੋਰ ਸੰਗਠਨਾਂ ਨਾਲ ਹਿਮਾਇਤ
- ਮਾਹਰ ਸੰਗਠਨਾਂ ਨੂੰ ਸਾਈਨਪੋਸਟਿੰਗ
- ਵਿਹਾਰਕ ਸਹਾਇਤਾ (ਟੀਚਾ ਨਿਰਧਾਰਣ, ਨਿੱਜੀ ਅਲਾਰਮ)
- ਮਾਨਸਿਕ ਸਿਹਤ ਸੰਬੰਧੀ ਸਹਾਇਤਾ (ਇਨ-ਹਾਉਸ ਮਾਨਸਿਕ ਸਿਹਤ ਦੀ ਨਰਸ)
- ਬਹਾਲੀ ਇਨਸਾਫ਼ ਦੀ ਸਹੂਲਤ (ਬਹਾਲੀ ਇਨਸਾਫ਼ ਪੀੜਿਤਾਂ ਨੂੰ ਜੁਰਮ ਦੇ ਅਸਲ ਪ੍ਰਭਾਵ ਦਾ ਬਿਓਰਾ ਦੇਣ ਲਈ ਆਪਣੇ ਅਪਰਾਧੀਆਂ ਨਾਲ ਮੁਲਾਕਾਤ ਕਰਨ ਜਾਂ ਸੰਚਾਰ ਕਰਨ ਦਾ ਮੌਕਾ ਦਿੰਦਾ ਹੈ – ਇਹ ਪੀੜਿਤਾਂ ਨੂੰ ਇੱਕ ਆਵਾਜ਼ ਦੇ ਕੇ ਉਨ੍ਹਾਂਨੂੰ ਤਾਕਤ ਦਿੰਦਾ ਹੈ। ਅਪਰਾਧੀਆਂ ਨੇ ਜੋ ਕੀਤਾ ਹੈ ਇਹ ਉਨ੍ਹਾਂ ਨੂੰ ਉਸਦਾ ਕਾਰਣ ਦੱਸਣ ਲਈ ਜ਼ਿੰਮੇਵਾਰ ਵੀ ਠਹਿਰਾਉਂਦਾ ਹੈ ਅਤੇ ਜ਼ਿੰਮੇਵਾਰੀ ਲੈਣ ਅਤੇ ਸੋਧ ਕਰਨ ਵਿੱਚ ਉਨ੍ਹਾਂ ਦੀ ਮਦਦ ਵੀ ਕਰਦਾ ਹੈ)

ਤੁਸੀਂ Victim First ਨੂੰ ਕਾਲ ਕਰ ਸਕਦੇ ਹੋ ਭਾਵੇਂ ਜੁਰਮ ਹਾਲ ਹੀ ਦਾ ਹੈ ਜਾਂ ਪਹਿਲਾਂ ਕੀਤਾ ਗਿਆ ਸੀ। ਜੇਕਰ ਤੁਸੀਂ ਪੁਲਿਸ ਨੂੰ ਘਟਨਾ ਦੀ ਰਿਪੋਰਟ ਨਾ ਕਰਨ ਦੀ ਚੋਣ ਕਰਦੇ ਹੋ ਤਾਂ ਉਹ ਤੁਹਾਡੀ ਸਹਾਇਤਾ ਕਰਨਗੇ।

**Victim First ਹੈਲਪਲਾਈਨ:** 0800 953 95 95
**ਈਮੇਲ:** support@victimfirst.pnn.gov.uk
**ਆਨਲਾਈਨ:** www.victimfirst.org

ਜੇਕਰ ਤੁਸੀਂ ਕਿਸੇ ਹਿੰਸਕ ਅਪਰਾਧ ਦੇ ਪੀੜਿਤ ਰਹੇ ਹੋ ਜਾਂ ਤੁਹਾਡੇ ਨਾਲ ਹੋਏ ਜੁਰਮ ਵਿੱਚ ਸੱਟ, ਨੁਕਸਾਨ ਜਾਂ ਹਾਨੀ, ਸ਼ਾਮਲ ਹੈ, ਤਾਂ ਤੁਸੀਂ ਅਪਰਾਧਿਕ ਸੱਟਾਂ ਲਈ ਮੁਆਵਜ਼ਾ ਅਥਾਰਟੀ (CICA) ਤੋਂ ਮੁਆਵਜ਼ੇ ਲਈ ਯੋਗ ਹੋ ਸਕਦੇ ਹੋ। ਤੁਸੀਂ ਮੁਆਵਜ਼ੇ ਲਈ ਅਰਜ਼ੀ ਦੇ ਸਕਦੇ ਹੋ ਭਾਵੇਂ ਅਪਰਾਧ ਲਈ ਕਿਸੇ 'ਤੇ ਮੁਕੱਦਮਾ ਚਲਾਇਆ ਗਿਆ ਹੈ ਜਾਂ ਨਹੀਂ। ਹੋਰ ਜਾਣਨ ਲਈ, ਇੱਥੇ ਜਾਓ: www.cica.gov.uk ਜਾਂ 03000 033601 'ਤੇ CICA ਨੂੰ ਕਾਲ ਕਰੋ।

ਤੁਹਾਨੂੰ ਸੱਟ, ਨੁਕਸਾਨ ਜਾਂ ਹਾਨੀ ਦਾ ਸਹੀ ਵੇਰਵਾ ਦੇਣਾ ਪਵੇਗਾ ਅਤੇ ਕੋਈ ਵੀ ਢੁੱਕਵੀਂ ਰਸੀਦ ਰੱਖਣੀ ਪਵੇਗੀ ਤਾਂ ਜੋ ਮੁਆਵਜ਼ੇ ਲਈ ਦਾਅਵਾ ਕੀਤਾ ਜਾ ਸਕੇ।

## ਹੋਰ ਉਪਯੋਗੀ ਸੰਪਰਕ

**Citizens Advice**
www.citizensadvice.org.uk

**Crimestoppers**
www.crimestoppers-uk.org 0800 555 111

**Her Majesty's Court's and Tribunal Service**
www.gov.uk/going-to-court-victim-witness

**Crown Prosecution Service**
www.cps.gov.uk 0116 204 6700

**Leicestershire Police Witness Care Unit** Witness.CareUnit@leicestershire.pnn.police.uk ਜਾਂ 101 'ਤੇ ਕਾਲ ਕਰੋ, Leicestershire Police Witness Care Unit ਬਾਰੇ ਪੁੱਛੋ

**Neighbourhood Link** – ਤੁਹਾਡੇ ਖੇਤਰ ਵਿੱਚ ਕੀ ਹੋ ਰਿਹਾ ਹੈ ਬਾਰੇ ਨਿਯਮਿਤ ਈਮੇਲਾਂ ਪ੍ਰਾਪਤ ਕਰਨ ਲਈ ਸਾਡੀ ਕਮਿਊਨਿਟੀ ਮੈਸੇਜਿੰਗ ਸਕੀਮ ਲਈ ਸਾਈਨ ਅਪ ਕਰੋ
www.neighbourhoodlink.co.uk

# ਮੈਂ ਕਿਸੇ ਜੁਰਮ ਦੀ ਰਿਪੋਰਟ ਕੀਤੀ ਹੈ ਤਾਂ ਹੁਣ ਕੀ ਹੋਵੇਗਾ?

**ਤੁਹਾਨੂੰ ਇਸ ਬਾਰੇ ਵਾਧੂ ਵੇਰਵਾ ਪੇਸ਼ ਕਰਨ ਲਈ ਕਿਹਾ ਜਾ ਸਕਦਾ ਹੈ ਕਿ ਕੀ ਹੋਇਆ ਸੀ ਤਾਂ ਜੋ ਪੁਲਿਸ ਇਹ ਸਥਾਪਿਤ ਕਰ ਸਕੇ ਕਿ ਅਪਰਾਧਿਕ ਜਾਂਚ ਸ਼ੁਰੂ ਕਰਨ ਲਈ ਬਥੇਰੀ ਜਾਣਕਾਰੀ ਉਪਲਬਧ ਹੈ ਜਾਂ ਨਹੀਂ। ਜੇਕਰ ਬਥੇਰੀ ਜਾਣਕਾਰੀ ਨਹੀਂ ਹੈ, ਜਾਂ ਕੋਈ ਹੋਰ ਕਾਰਵਾਈ ਕੀਤੇ ਬਿਨਾਂ ਬਾਅਦ ਵਿੱਚ ਕਿਸੇ ਅਪਰਾਧਿਕ ਜਾਂਚ ਨੂੰ ਬੰਦ ਕਰਨ ਦਾ ਫੈਸਲਾ ਲਿਆ ਜਾਂਦਾ ਹੈ, ਤਾਂ ਤੁਹਾਨੂੰ ਇੱਕ ਕਾਰਨ ਦੱਸਿਆ ਜਾਵੇਗਾ ਕਿ ਇਹ ਕਿਉਂ ਕੀਤਾ ਗਿਆ।**

ਇੱਕ ਜਾਂਚ ਅਫ਼ਸਰ ਦੁਆਰਾ ਤੁਹਾਡੇ ਨਾਲ ਹੋਏ ਜੁਰਮ ਨਾਲ ਨਜਿੱਠਿਆ ਜਾਵੇਗਾ ਜੋ ਤੁਹਾਡੇ ਨਾਲ ਹੋਏ ਜੁਰਮ ਲਈ ਜ਼ਿੰਮੇਵਾਰ ਲੋਕਾਂ ਲਈ ਇੱਕ ਸੰਭਾਵੀ ਮੁਕੱਦਮੇ, ਜਾਂ ਅਦਾਲਤ ਤੋਂ ਬਾਹਰ ਨਿਪਟਾਰੇ, ਦਾ ਸਮਰਥਨ ਕਰਨ ਲਈ ਸਬੂਤ ਹਾਸਿਲ ਕਰਨ ਦੀ ਕੋਸ਼ਿਸ਼ ਕਰੇਗਾ। ਸਬੂਤ ਵਿੱਚ ਫੌਰੈਨਸਿਕ ਸਮੱਗਰੀ; ਗਵਾਹਾਂ ਦੇ ਬਿਆਨ/ਵੀਡਿਓ-ਰਿਕਾਰਡ ਕੀਤੀ ਗਈ ਗਵਾਹੀ; ਘਰ-ਘਰ ਪੁੱਛਗਿੱਛ ਅਤੇ CCTV ਫੁਟੇਜ (ਹੋਰ ਚੀਜ਼ਾਂ ਦੇ ਨਾਲ) ਸ਼ਾਮਲ ਹੋ ਸਕਦੇ ਹਨ।

ਜਾਂਚ ਅਫ਼ਸਰ ਤੁਹਾਡੇ ਸੰਪਰਕ ਦੇ ਤਰਜੀਹੀ ਢੰਗ ਨਾਲ ਹਰ 28 ਦਿਨਾਂ ਬਾਅਦ ਤੁਹਾਨੂੰ ਅਪਡੇਟ ਕਰਨ ਲਈ ਸਹਿਮਤ ਹੋਵੇਗਾ। ਤੁਸੀਂ ਵਧੇਰੇ ਨਿਯਮਿਤ ਅਪਡੇਟਾਂ ਲਈ ਬੇਨਤੀ ਕਰ ਸਕਦੇ ਹੋ।

ਅਫ਼ਸਰ ਤੁਹਾਡੇ ਨਾਲ ਇਸ ਬਾਰੇ ਵੀ ਚਰਚਾ ਕਰੇਗਾ ਕਿ ਮੀਡੀਆ ਅਤੇ/ਜਾਂ ਸੋਸ਼ਲ ਮੀਡੀਆ ਵਿੱਚ ਇੱਕ ਅਪੀਲ ਹੋਰ ਗਵਾਹਾਂ ਜਾਂ ਜਾਣਕਾਰੀ ਲਈ ਅਪੀਲ ਨੂੰ ਲੱਭਣ ਵਿੱਚ ਮਦਦ ਕਰ ਸਕਦੀ ਹੈ ਜਾਂ ਨਹੀਂ ਜੋ ਜਾਂਚ ਵਿੱਚ ਸਹਾਇਤਾ ਕਰ ਸਕਦੀ ਹੈ। ਜੇਕਰ ਇਹ ਸਥਿਤੀ ਹੈ, ਤਾਂ ਤੁਹਾਡਾ ਨਿੱਜੀ ਵੇਰਵਾ ਜਾਰੀ ਨਹੀਂ ਕੀਤਾ ਜਾਵੇਗਾ। ਸਾਰੇ ਅਪਰਾਧਾਂ ਲਈ ਅਪੀਲਾਂ ਜਾਰੀ ਨਹੀਂ ਕੀਤੀਆਂ ਜਾਂਦੀਆਂ।

ਕਮਜ਼ੋਰ ਅਤੇ ਡਰੇ ਹੋਏ ਪੀੜਿਤਾਂ ਅਤੇ ਗਵਾਹਾਂ ਲਈ ਵਿਸ਼ੇਸ਼ ਉਪਾਅ ਹਨ, ਸਬੂਤ ਪੇਸ਼ ਕਰਨ ਵਿੱਚ ਤੁਹਾਡੀ ਸਹਾਇਤਾ ਲਈ ਜਿਨ੍ਹਾਂ ਦਾ ਇੰਤਜ਼ਾਮ ਕੀਤਾ ਜਾ ਸਕਦਾ ਹੈ।

# ਤਾਂ ਮੇਰੇ ਗਵਾਹ ਦੇ ਬਿਆਨ ਨਾਲ ਕੀ ਹੋਵੇਗਾ?

**ਇੱਕ ਬਿਆਨ ਜਾਂ ਵੀਡਿਓ-ਰਿਕਾਰਡ ਕੀਤੀ ਗਈ ਜਾਣਕਾਰੀ ਨੂੰ ਪ੍ਰਦਾਨ ਕਰ ਕੇ, ਤੁਸੀਂ ਅਜਿਹੀ ਜਾਂਚ ਵਿੱਚ ਸਹਾਇਤਾ ਕਰਦੇ ਹੋ ਜੋ ਕਿਸੇ ਵੀ ਅਪਰਾਧੀ 'ਤੇ ਕਨੂੰਨੀ ਕਾਰਵਾਈ ਕਰਨ ਵਿੱਚ ਮਦਦ ਕਰ ਸਕਦੀ ਹੈ।**

ਜੇਕਰ ਕਿਸੇ ਸੰਦਿਗਧ ਨੂੰ ਕਿਸੇ ਜੁਰਮ ਦਾ ਇਲਜ਼ਾਮ ਲਗਾਇਆ ਜਾਂਦਾ ਹੈ ਤਾਂ ਸਬੂਤ ਪੇਸ਼ ਕਰਨ ਲਈ ਤੁਹਾਨੂੰ ਅਦਾਲਤ ਵਿੱਚ ਹਾਜ਼ਿਰ ਹੋਣ ਲਈ ਕਿਹਾ ਜਾ ਸਕਦਾ ਹੈ। ਜੇਕਰ CPS ਅਤੇ ਬਚਾਅ ਪੱਖ ਤੁਹਾਡੇ ਬਿਆਨ ਨਾਲ ਸਹਿਮਤ ਹਨ ਤਾਂ ਉਹ ਸਿਰਫ਼ ਤੁਹਾਡੇ ਬਿਆਨ 'ਤੇ ਨਿਰਭਰ ਕਰਨ ਦੀ ਚੋਣ ਕਰ ਸਕਦੇ ਹਨ ਅਤੇ ਤੁਹਾਨੂੰ ਅਦਾਲਤ ਜਾਣ ਲਈ ਨਹੀਂ ਕਿਹਾ ਜਾਵੇਗਾ।

ਤੁਹਾਡੇ ਨਾਲ ਹੋਏ ਜੁਰਮ ਦੀ ਛਾਣਬੀਣ ਕਰਨ ਵਿੱਚ ਪੁਲਿਸ ਦੀ ਮਦਦ ਕਰਨ ਲਈ ਤੁਹਾਨੂੰ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ:

- ਤੁਹਾਨੂੰ ਅਜਿਹਾ ਕੁਝ ਯਾਦ ਹੈ ਜੋ ਤੁਹਾਡੇ ਦੁਆਰਾ ਦਿੱਤੇ ਗਏ ਬਿਆਨ ਵਿੱਚ ਪਹਿਲਾਂ ਸ਼ਾਮਲ ਨਹੀਂ ਕੀਤਾ ਗਿਆ ਹੈ
- ਜੇਕਰ ਤੁਹਾਡੇ ਸੰਪਰਕ ਦੇ ਵੇਰਵੇ ਬਦਲਣ
- ਜੁਰਮ ਵਿੱਚ ਕਿਸੇ ਕਿਸਮ ਦੀ ਦੁਸ਼ਮਣੀ ਸ਼ਾਮਲ ਸੀ ਜਾਂ ਨਹੀਂ, ਉਦਾਹਰਨ ਲਈ, ਕੀ ਤੁਹਾਡੀ ਨਸਲ, ਜਿਨਸੀਅਤ, ਧਰਮ, ਅਪੰਗਤਾ ਜਾਂ ਜਿਨਸੀ ਪਛਾਣ ਕਰਕੇ ਤੁਹਾਨੂੰ ਨਿਸ਼ਾਨਾ ਬਣਾਇਆ ਗਿਆ ਸੀ
- ਤੁਹਾਡੀ ਕੋਈ ਖ਼ਾਸ ਜ਼ਰੂਰਤਾਂ ਹਨ ਜਾਂ ਨਹੀਂ, ਉਦਾਹਰਨ ਲਈ, ਗਤੀਸ਼ੀਲਤਾ, ਸੰਚਾਰ ਜਾਂ ਧਾਰਮਿਕ ਜ਼ਰੂਰਤਾਂ

### ਮੇਰਾ ਗਵਾਹ ਦਾ ਬਿਆਨ ਕੌਣ ਵੇਖੇਗਾ?

ਮਾਮਲੇ ਵਿੱਚ ਸ਼ਾਮਲ ਹਰ ਵਿਅਕਤੀ ਤੁਹਾਡੇ ਬਿਆਨ / ਗਵਾਹੀ ਨੂੰ ਵੇਖੇਗਾ, ਇਸ ਲਈ ਤੁਹਾਡੇ ਦੁਆਰਾ ਬਿਆਨ ਦੇਣ ਵੇਲੇ ਤੁਹਾਡਾ ਨਿੱਜੀ ਵੇਰਵਾ ਜਾਰੀ ਨਹੀਂ ਕੀਤਾ ਜਾਵੇਗਾ। ਕਿਰਪਾ ਕਰਕੇ ਬਿਆਨ ਦੇਣ ਵੇਲੇ ਓਦੋਂ ਤੱਕ ਨਿੱਜੀ ਜਾਣਕਾਰੀ ਸ਼ਾਮਲ ਨਾ ਕਰੋ, ਜਦੋਂ ਤੱਕ ਉਹ ਘਟਨਾ ਦੇ ਹਾਲਾਤ ਲਈ ਢੁੱਕਵੀਂ ਨਾ ਹੋਵੇ। ਗਵਾਹ ਦਾ ਬਿਆਨ ਦੇਣ ਬਾਰੇ ਵਧੇਰੀ ਜਾਣਕਾਰੀ ਇੱਥੇ ਉਪਲਬਧ ਹੈ; www.gov.uk/government/publications/the-new-leaflet-giving-a-witness-statement-to-the-police-what-happens-next



# ਤੁਹਾਡੇ ਜੁਰਮ ਨਾਲ ਨਜਿੱਠਣਾ

**ਜਾਂਚ ਦੇ ਦੌਰਾਨ, ਜੇਕਰ ਕਿਸੇ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਉਸ ਤੋਂ ਪੁੱਛਗਿੱਛ ਕੀਤੀ ਜਾ ਸਕਦੀ ਹੈ ਅਤੇ ਇਸ ਬਾਰੇ ਫੈਸਲਾ ਲਿਆ ਜਾਵੇਗਾ ਕਿ ਉਸ ਨਾਲ ਕੀ ਹੋਵੇਗਾ।**

ਜੁਰਮ 'ਤੇ ਨਿਰਭਰ ਕਰਦੇ ਹੋਏ, ਪੁਲਿਸ ਜਾਂ Crown Prosecution Service ਦੁਆਰਾ ਇਹ ਫੈਸਲਾ ਲਿਆ ਜਾਂਦਾ ਹੈ।

ਅਪਰਾਧੀ ਨਾਲ ਨਜਿੱਠਣ ਦੇ ਕਈ ਤਰੀਕੇ ਹਨ ਜਿਨ੍ਹਾਂ ਵਿੱਚ ਇਹ ਸ਼ਾਮਲ ਹਨ:

- ਇਲਜ਼ਾਮ ਲਗਾਇਆ ਜਾਂ ਤਲਬ ਕੀਤਾ ਜਾਣਾ ਅਤੇ ਅਦਾਲਤ ਦੇ ਸਾਮ੍ਹਣੇ ਲਿਆਉਣਾ ਜਾਂ ਅਦਾਲਤ ਵਿੱਚ ਹਾਜ਼ਿਰ ਹੋਣਾ ਜ਼ਰੂਰੀ ਬਣਾਉਣਾ
- ਅਦਾਲਤ ਤੋਂ ਬਾਹਰ ਨਿਪਟਾਰਾ ਕਰਨਾ ਜਿਵੇਂ ਚੇਤਾਵਨੀ ਦੇਣਾ
- ਸਮੁਦਾਇਕ ਫੈਸਲਾ ਲੈਣਾ ਜਾਂ ਬਹਾਲੀ ਇਨਸਾਫ਼ ਕਰਨਾ
- ਬਿਨਾਂ ਕਿਸੇ ਕਾਰਵਾਈ ਦੇ ਰਿਹਾ ਕਰਨਾ

ਜੇਕਰ ਤੁਸੀਂ ਮੁਕੱਦਮਾ ਨਾ ਚਲਾਉਣ ਦੇ ਫੈਸਲੇ ਤੋਂ ਨਾਖੁਸ਼ ਹੋ, ਤਾਂ ਤੁਸੀਂ ਪੀੜਿਤਾਂ ਦਾ ਸਮੀਖਿਆ ਦਾ ਅਧਿਕਾਰ (VRR) ਸਕੀਮ ਦੇ ਹੱਕਦਾਰ ਹੋ ਸਕਦੇ ਹੋ
www.leics.police.uk/advice/advice-and-information/acr/vrr/victims-right-review-scheme/

ਜੇਕਰ ਕਿਸੇ 'ਤੇ ਇਲਜ਼ਾਮ ਲਗਾਇਆ ਜਾਂਦਾ ਹੈ ਜਾਂ ਉਸਨੂੰ ਤਲਬ ਕੀਤਾ ਜਾਂਦਾ ਹੈ ਅਤੇ ਅਦਾਲਤ ਵਿੱਚ ਭੇਜ ਦਿੱਤਾ ਜਾਂਦਾ ਹੈ, ਤਾਂ ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ ਅਤੇ ਤੁਹਾਨੂੰ ਅਦਾਲਤ ਵਿੱਚ ਪਹਿਲੀ ਤਾਰੀਖ਼ ਬਾਰੇ ਦੱਸਾਂਗੇ ਅਤੇ ਪ੍ਰਕ੍ਰਿਆ ਸਮਝਾਵਾਂਗੇ। ਜੇਕਰ ਪਹਿਲੀ ਸੁਣਵਾਈ ਤੋਂ ਬਾਅਦ ਕੋਈ ਦੋਸ਼ੀ ਦਲੀਲ ਦਾਖਲ ਕੀਤੀ ਜਾਂਦੀ ਹੈ ਤਾਂ ਅਸੀਂ ਉਸਦੇ ਨਤੀਜੇ ਬਾਰੇ ਤੁਹਾਨੂੰ ਦੱਸਾਂਗੇ।

ਜੇਕਰ ਪ੍ਰਤਿਵਾਦੀ ਦੁਆਰਾ ਕੋਈ ਦੋਸ਼ੀ ਦਲੀਲ ਦਾਖਲ ਨਹੀਂ ਕੀਤੀ ਜਾਂਦੀ, ਤਾਂ ਅਦਾਲਤ ਵਿੱਚ ਪਹਿਲੀ ਤਾਰੀਖ਼ ਤੋਂ ਬਾਅਦ ਲੈਸਟਰਸ਼ਾਇਰ ਪੁਲਿਸ ਦੀ Witness Care Unit ਤੁਹਾਡੇ ਨਾਲ ਸੰਪਰਕ ਕਰੇਗੀ।
ਉਹ ਤੁਹਾਨੂੰ ਤਾਜਾ ਜਾਣਕਾਰੀ ਦੇਣਗੇ, ਤੁਹਾਡੇ ਲਈ ਸਬੂਤ ਪੇਸ਼ ਕਰਨ ਲਈ ਅਦਾਲਤ ਵਿੱਚ ਹਾਜ਼ਿਰ ਹੋਣ ਦੀ ਲੋੜ ਹੋਣ 'ਤੇ ਤੁਹਾਨੂੰ ਲੋੜੀਂਦੀ ਜਾਣਕਾਰੀ ਅਤੇ ਵਿਹਾਰਕ ਸਹਾਇਤਾ ਪ੍ਰਦਾਨ ਕਰਨਗੇ ਅਤੇ, ਤੁਹਾਡੀ ਇਜਾਜ਼ਤ ਨਾਲ, ਅਜਿਹੇ ਹੋਰ ਸੰਗਠਨਾਂ ਨੂੰ ਤੁਹਾਡਾ ਹਵਾਲਾ ਦੇਣਗੇ ਜੋ ਹੋਰ ਕਿਸਮਾਂ ਦੀ ਸਹਾਇਤਾ ਪੇਸ਼ ਕਰਨ ਲਈ ਯੋਗ ਹੋ ਸਕਦੇ ਹਨ।

ਜੇਕਰ ਅੱਗੇ ਦੀਆਂ ਸੁਣਵਾਈਆਂ ਲਈ ਤੁਹਾਡਾ ਮੁਕੱਦਮਾ Crown Court ਵਿੱਚ ਭੇਜਿਆ ਜਾਂਦਾ ਹੈ, ਤਾਂ Witness Care Unit ਤੁਹਾਡੇ ਨਾਲ ਸੰਪਰਕ ਬਣਾਈ ਰੱਖੇਗੀ ਅਤੇ ਪੀੜਿਤਾਂ ਦੇ ਵਿਹਾਰ ਦੀ ਸੰਹਿਤਾ ਦੇ ਮੁਤਾਬਕ ਤਾਜਾ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰੇਗੀ।

**ਇਹ ਮਹੱਤਵਪੂਰਨ ਹੈ ਜੇਕਰ ਤੁਹਾਡਾ ਸੰਪਰਕ ਵੇਰਵਾ ਬਦਲ ਜਾਂਦਾ ਹੈ ਤਾਂ ਤੁਸੀਂ Witness Care Unit ਨਾਲ ਸੰਪਰਕ ਕਰੋ।**

# ਪੀੜਿਤ ਦਾ ਵਿਅਕਤੀਗਤ ਬਿਆਨ (VPS) ਦੇਣਾ

**ਪੀੜਿਤ ਦਾ ਵਿਅਕਤੀਗਤ ਬਿਆਨ (VPS) ਇੱਕ ਲਿਖਤੀ ਜਾਂ ਰਿਕਾਰਡ ਕੀਤਾ ਗਿਆ ਬਿਆਨ ਹੁੰਦਾ ਹੈ ਜੋ ਤੁਹਾਡੇ ਆਪਣੇ ਲਫ਼ਜ਼ਾਂ ਵਿੱਚ ਇਹ ਦੱਸਦਾ ਹੈ ਕਿ ਕਿਸੇ ਜੁਰਮ ਨੇ ਸਰੀਰਕ, ਜਜ਼ਬਾਤੀ, ਵਿੱਤੀ ਜਾਂ ਕਿਸੇ ਹੋਰ ਤਰ੍ਹਾਂ ਤੁਹਾਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ।**

ਪ੍ਰਤਿਵਾਦੀ ਨੂੰ ਕੀ ਸਜ਼ਾ ਮਿਲਣੀ ਚਾਹੀਦੀ ਹੈ, ਇਹ ਨਿਰਧਾਰਿਤ ਕਰਨ ਵੇਲੇ ਜੱਜ ਜਾਂ ਮੈਜਿਸਟ੍ਰੇਟ ਦੁਆਰਾ VPS ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ ਅਤੇ ਇਸ ਬਾਰੇ ਵਿਚਾਰ ਕਰਨ ਵਿੱਚ ਸੇਵਾ ਪ੍ਰਦਾਤਾਵਾਂ ਦੀ ਮਦਦ ਵੀ ਕਰ ਸਕਦਾ ਹੈ ਕਿ ਤੁਹਾਨੂੰ ਅਤੇ / ਜਾਂ ਤੁਹਾਡੇ ਪਰਿਵਾਰ ਨੂੰ ਹੋਰ ਕਿਹੜੀ ਵਾਧੂ ਸਹਾਇਤਾ ਦੀ ਲੋੜ ਹੋ ਸਕਦੀ ਹੈ।

ਤੁਸੀਂ VPS ਦੇਣਾ ਚਾਹੁੰਦੇ ਹੋ ਜਾਂ ਨਹੀਂ, ਇਹ ਫੈਸਲਾ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ, ਜੁਰਮ ਦੀ ਰਿਪਰੋਟ ਕਰਨ ਵੇਲੇ ਤੁਹਾਨੂੰ ਪੁਲਿਸ ਦੁਆਰਾ VPS ਦੀ ਪ੍ਰਕ੍ਰਿਆ ਬਾਰੇ ਜਾਣਕਾਰੀ ਮੁਹੱਈਆ ਕੀਤੇ ਜਾਣ ਦਾ ਅਧਿਕਾਰ ਹੈ। ਜੇਕਰ ਤੁਸੀਂ VPS ਦੇਣ ਦਾ ਫੈਸਲਾ ਕਰਦੇ ਹੋ, ਤਾਂ ਤੁਹਾਨੂੰ ਇਹ ਪੁੱਛਿਆ ਜਾਵੇਗਾ ਕਿ ਤੁਸੀਂ ਕੀ ਚਾਹੋਗੇ ਕਿ ਅਦਾਲਤ ਵਿੱਚ ਤੁਹਾਡਾ ਬਿਆਨ ਉੱਚੀ ਆਵਾਜ਼ ਵਿੱਚ ਪੜ੍ਹ ਕੇ ਸੁਣਾਇਆ ਜਾਵੇ ਜਾਂ ਉਹ ਤੁਹਾਡੇ ਵੱਲੋਂ ਪੜ੍ਹਿਆ ਜਾਵੇ। ਤੁਸੀਂ ਪੁਲਿਸ ਤੋਂ ਕਾਪੀ ਹਾਸਿਲ ਕਰਨ ਲਈ ਬੇਨਤੀ ਕਰ ਸਕਦੇ ਹੋ ਅਤੇ ਜੁਰਮ ਦੇ ਬਦਲਦੇ ਪ੍ਰਭਾਵ ਨੂੰ ਦਰਸ਼ਾਉਣ ਲਈ ਤੁਹਾਨੂੰ ਵਾਧੂ ਨਿੱਜੀ ਬਿਆਨ ਦੇਣ ਲਈ ਇੱਕ ਮੌਕਾ ਦਿੱਤਾ ਜਾਵੇਗਾ। ਤੁਹਾਨੂੰ ਆਪਣਾ VPS ਆਪਣੇ ਆਪ ਪੜ੍ਹਨ ਜਾਂ ਆਪਣੇ ਵੱਲੋਂ ਉਸਨੂੰ ਪੜ੍ਹ ਕੇ ਸੁਣਾਉਣ ਦੀ ਲੋੜ ਨਹੀਂ ਹੈ। ਤੁਸੀਂ ਆਪਣਾ ਇਰਾਦਾ ਬਦਲ ਸਕਦੇ ਹੋ। ਜੱਜ ਜਾਂ ਮੈਜਿਸਟ੍ਰੇਟ ਦੁਆਰਾ ਤੁਹਾਡੇ VPS ਨੂੰ ਇੱਕੋ ਤਰੀਕੇ ਨਾਲ ਧਿਆਨ ਵਿੱਚ ਰੱਖਿਆ ਜਾਵੇਗਾ, ਭਾਵੇਂ ਉਹ ਅਦਾਲਤ ਵਿੱਚ ਉੱਚੀ ਆਵਾਜ਼ ਵਿੱਚ ਪੜ੍ਹ ਕੇ ਸੁਣਾਇਆ ਜਾਂਦਾ ਹੈ ਜਾਂ ਨਹੀਂ।


ਜੇਕਰ ਅਪਰਾਧਾਂ ਦੇ ਪੀੜਿਤ ਚਾਹੁੰਦੇ ਹਨ ਤਾਂ ਉਹ ਸਾਰੇ VPS ਦੇਣ ਦੇ ਹੱਕਦਾਰ ਹਨ।

ਜੇਕਰ ਤੁਸੀਂ ਇੱਕ ਗਮਗੀਨ ਨਜ਼ਦੀਕੀ ਰਿਸ਼ਤੇਦਾਰ ਹੋ, ਤਾਂ ਤੁਹਾਨੂੰ ਵੀ VPS ਦੇਣ ਅਤੇ ਇਸ ਨੂੰ ਦੇਣ ਵੇਲੇ ਆਪਣੇ ਨਾਲ ਕਿਸੇ ਨੂੰ ਰੱਖਣ ਦਾ ਅਧਿਕਾਰ ਹੈ।

ਜੇਕਰ ਪ੍ਰਤਿਵਾਦੀ ਆਪਣਾ ਕਸੂਰ ਮੰਨਦਾ ਹੈ, ਜਾਂ ਕਸੂਰਵਾਰ ਪਾਇਆ ਜਾਂਦਾ ਹੈ, ਅਤੇ ਤੁਸੀਂ ਇਹ ਮੰਗ ਕੀਤੀ ਹੈ ਕਿ ਅਦਾਲਤ ਵਿੱਚ ਤੁਹਾਡਾ ਬਿਆਨ ਉੱਚੀ ਆਵਾਜ਼ ਵਿੱਚ ਪੜ੍ਹ ਕੇ ਸੁਣਾਇਆ (ਜਾਂ ਚਲਾਇਆ) ਜਾਵੇ, ਤਾਂ ਜੱਜ ਜਾਂ ਮੈਜਿਸਟ੍ਰੇਟ ਇਹ ਫੈਸਲਾ ਕਰਨਗੇ ਕਿ ਤੁਹਾਡੇ ਬਿਆਨ ਦੇ ਕਿਹੜੇ ਹਿੱਸੇ ਉੱਚੀ ਆਵਾਜ਼ ਵਿੱਚ ਪੜ੍ਹ ਕੇ ਸੁਣਾਏ (ਜਾਂ ਚਲਾਏ) ਜਾਣੇ ਚਾਹੀਦੇ ਹਨ ਜਾਂ ਨਹੀਂ, ਅਤੇ ਉਹ ਕਿਸਨੂੰ ਪੜ੍ਹਨਾ ਚਾਹੀਦਾ ਹੈ। ਆਪਣਾ ਫੈਸਲਾ ਕਰਨ ਵੇਲੇ ਜੱਜ ਜਾਂ ਮੈਜਿਸਟ੍ਰੇਟ ਓਦੋਂ ਤੱਕ ਹਮੇਸ਼ਾ ਤੁਹਾਡੀ ਪਸੰਦ ਨੂੰ ਧਿਆਨ ਵਿੱਚ ਰੱਖਣਗੇ, ਜਦੋਂ ਤੱਕ ਇਹ ਕਰਨ ਦਾ ਕੋਈ ਵਾਜਬ ਕਾਰਨ ਨਾ ਹੋਵੇ। Witness Care Unit ਤੁਹਾਨੂੰ ਜੱਜ ਜਾਂ ਮੈਜਿਸਟ੍ਰੇਟ ਦੇ ਫੈਸਲੇ ਬਾਰੇ ਦੱਸੇਗੀ।

ਹੋਰ ਸਬੂਤਾਂ ਦੇ ਨਾਲ-ਨਾਲ, ਜੱਜ ਜਾਂ ਮੈਜਿਸਟ੍ਰੇਟ ਤੁਹਾਡੇ VPS ਅਤੇ ਅਪਰਾਧ ਕਰਕੇ ਤੁਹਾਨੂੰ ਹੋਏ ਨੁਕਸਾਨ ਦੇ ਪੱਧਰ ਨੂੰ ਧਿਆਨ ਵਿੱਚ ਰੱਖਣਗੇ।

ਵਧੇਰੀ ਜਾਣਕਾਰੀ ਲਈ, ਇੱਥੇ ਜਾਓ: www.gov.uk/government/publications/victim-personal-statement



# ਵਪਾਰਕ ਪ੍ਰਭਾਵ ਦਾ ਬਿਆਨ (BIS)

**ਜੇਕਰ ਤੁਹਾਡਾ ਕਾਰੋਬਾਰ ਜਾਂ ਉੱਦਮ (ਜਿਵੇਂ ਇੱਕ ਚੈਰਿਟੀ) ਅਪਰਾਧ ਦਾ ਸ਼ਿਕਾਰ ਰਿਹਾ ਹੈ ਤਾਂ ਪੀੜਿਤਾਂ ਦਾ ਵਿਹਾਰ ਦੀ ਸੰਹਿਤਾ ਤੁਹਾਨੂੰ ਹੋਰ ਪ੍ਰਭਾਵ ਦਾ ਬਿਆਨ ਦੇਣ ਦਾ ਅਧਿਕਾਰ ਵੀ ਦਿੰਦੀ ਹੈ।**

ਵਪਾਰਕ ਪ੍ਰਭਾਵ ਦੇ ਬਿਆਨ ਨਾਲ ਤੁਸੀਂ ਸਿੱਧੇ ਵਿੱਤੀ ਪ੍ਰਭਾਵ (ਸੰਪੱਤੀ ਚੋਰੀ ਜਾਂ ਖਰਾਬ ਹੋਈ), ਅਪ੍ਰਤੱਖ ਵਿੱਤੀ ਪ੍ਰਭਾਵ (ਰਿਵਾਜ ਦਾ ਨੁਕਸਾਨ, ਸਟਾਫ ਦੇ ਸਮੇਂ ਦਾ ਨੁਕਸਾਨ ਆਦਿ) ਅਤੇ ਗੈਰ-ਵਿੱਤੀ ਪ੍ਰਭਾਵ, ਜਿਵੇਂ ਸਾਖ ਦਾ ਨੁਕਸਾਨ, ਦੇ ਸੰਬੰਧ ਵਿੱਚ ਵਿਸਤਾਰ ਨਾਲ ਇਸਦਾ ਬਿਓਰਾ ਦੇ ਸਕਦੇ ਹੋ ਕਿ ਜੁਰਮ ਨੇ ਤੁਹਾਡੇ ਕਾਰੋਬਾਰ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ।

# ਕੀ ਮੈਨੂੰ ਅਦਾਲਤ ਜਾਣਾ ਪਵੇਗਾ?

**ਇਸ ਮੌਕੇ ’ਤੇ ਇਹ ਕਹਿਣਾ ਮਹੱਤਵਪੂਰਨ ਹੈ ਕਿ ਤੁਹਾਡੇ ਲਈ ਅਦਾਲਤ ਜਾਣਾ ਜ਼ਰੂਰੀ ਹੋਣ ਦੀ ਸਥਿਤੀ ਵਿੱਚ, ਬੇਨਤੀ ਕਰਨ ’ਤੇ, ਲੈਸਟਰਸ਼ਾਇਰ ਪੁਲਿਸ, Witness Care Unit ਅਤੇ Victim First ਦੇ ਜ਼ਰੀਏ ਤੁਹਾਨੂੰ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।**

ਜੇਕਰ ਕਿਸੇ ਸੰਦਿਗਧ ’ਤੇ ਕਿਸੇ ਜੁਰਮ ਦਾ ਇਲਜ਼ਾਮ ਲਗਾਇਆ ਜਾਂਦਾ ਹੈ ਤਾਂ ਸਬੂਤ ਪੇਸ਼ ਕਰਨ ਲਈ ਤੁਹਾਨੂੰ ਅਦਾਲਤ ਵਿੱਚ ਹਾਜ਼ਿਰ ਹੋਣ ਲਈ ਕਿਹਾ ਜਾ ਸਕਦਾ ਹੈ, ਹਾਲਾਂਕਿ, ਜੇਕਰ Crown Prosecution Service (CPS) ਅਤੇ ਬਚਾਅ ਪੱਖ, ਇੱਕ ਸੰਪੂਰਨ ਬਥੇਰੀ ਜਾਣਕਾਰੀ ਹੋਣ ਵਜੋਂ, ਤੁਹਾਡੇ ਬਿਆਨ ਨਾਲ ਸਹਿਮਤ ਹਨ, ਤਾਂ ਉਹ ਸਿਰਫ਼ ਤੁਹਾਡੇ ਬਿਆਨ ’ਤੇ ਨਿਰਭਰ ਕਰਨ ਦੀ ਚੋਣ ਕਰ ਸਕਦੇ ਹਨ।

ਤੁਹਾਨੂੰ ਸਿਰਫ਼ ਓਦੋਂ ਅਦਾਲਤ ਜਾਣਾ ਪਵੇਗਾ ਜੇਕਰ ਪ੍ਰਤਿਵਾਦੀ:

- ਇਲਜ਼ਾਮ ਤੋਂ ਇਨਕਾਰ ਕਰਦਾ ਹੈ ਅਤੇ ‘ਦੋਸ਼ੀ ਨਹੀਂ’ ਦੀ ਬੇਨਤੀ ਕਰਦਾ ਹੈ
- ਆਪਣਾ ਕਸੂਰ ਮੰਨਦਾ ਹੈ ਪਰ ਅਪਰਾਧ ਦੇ ਕਿਸੇ ਮਹੱਤਵਪੂਰਨ ਹਿੱਸੇ ਤੋਂ ਇਨਕਾਰ ਕਰਦਾ ਹੈ ਜੋ ਉਸਨੂੰ ਮਿਲਣ ਵਾਲੀ ਸਜ਼ਾ ਦੀ ਕਿਸਮ ਨੂੰ ਪ੍ਰਭਾਵਿਤ ਕਰ ਸਕਦਾ ਹੈ

ਜੇਕਰ ਤੁਹਾਡੇ ਲਈ ਅਦਾਲਤ ਜਾਣਾ ਜ਼ਰੂਰੀ ਹੈ, ਤਾਂ ਸਰਕਾਰੀ ਵਕੀਲ ਅਤੇ ਬਚਾਅ ਪੱਖ ਦੇ ਵਕੀਲ ਤੁਹਾਡੇ ਸਬੂਤ ਬਾਰੇ ਤੁਹਾਨੂੰ ਸਵਾਲ ਪੁੱਛਣਗੇ। ਤੁਸੀਂ ਪਹਿਲਾਂ ਆਪਣੀ ਯਾਦ ਨੂੰ ਤਾਜ਼ਾ ਕਰਨ ਲਈ ਆਪਣੇ ਬਿਆਨ ਨੂੰ ਪੜ੍ਹ ਸਕੋਗੇ।

ਜੇਕਰ ਤੁਸੀਂ ਬਿਆਨ ਦਿੱਤਾ ਹੈ ਅਤੇ ਫਿਰ ਤੁਹਾਨੂੰ ਸਬੂਤ ਪੇਸ਼ ਕਰਨ ਲਈ ਅਦਾਲਤ ਜਾਣ ਲਈ ਕਿਹਾ ਜਾਂਦਾ ਹੈ, ਤਾਂ ਤੁਹਾਨੂੰ ਇਹ ਕਰਨਾ ਪਵੇਗਾ ਕਿਉਂਕਿ ਇਹ ਇੱਕ ਕਨੂੰਨੀ ਜ਼ਰੂਰਤ ਹੈ। ਜੇਕਰ ਤੁਹਾਡੇ ਲਈ ਅਦਾਲਤ ਜਾਣ ਲਈ ਕਿਹਾ ਜਾਂਦਾ ਹੈ, ਤਾਂ ਤੁਹਾਨੂੰ ਇਹ ਦੱਸਦੇ ਹੋਏ, ਕਿ ਕਦੋਂ ਅਤੇ ਕਿੱਥੇ ਜਾਣਾ ਹੈ, ਅਤੇ ਇੱਕ ਜਾਣਕਾਰੀ ਦੇਣ ਵਾਲੇ ਪਰਚੇ ਸਮੇਤ ਇੱਕ ਪੱਤਰ ਭੇਜਿਆ ਜਾਵੇਗਾ।

ਕਮਜ਼ੋਰ ਅਤੇ ਡਰੇ ਹੋਏ ਗਵਾਹਾਂ ਦੀ ਸਹਾਇਤਾ ਕਰਨ ਲਈ ਵਾਧੂ ਮਦਦ ਉਪਲਬਧ ਹੈ। Witness Care Unit, Witness Service, ਪੁਲਿਸ ਜਾਂ CPS ਤੁਹਾਨੂੰ ਦੱਸਣਗੇ ਕਿ ਕਿਸ ਕਿਸਮ ਦੀ ਮਦਦ ਉਪਲਬਧ ਹੈ। ਜੁਰਮ ਤੋਂ ਪੀੜਿਤਾਂ ਲਈ ਗਵਾਹ ਬਣਨ ਬਾਰੇ ਵਧੇਰੀ ਜਾਣਕਾਰੀ www.cjsonline.org/witness ਜਾਂ www.cjsonline.org/victims ਤੋਂ ਉਪਲਬਧ ਹੈ।

ਸ਼ੁਰੂਆਤੀ ਜਾਂਚ ਦੇ ਹਿੱਸੇ ਵਜੋਂ, ਅਜਿਹੇ ਹੋਰ ਖ਼ਾਸ ਪਰਬੰਧਾਂ (ਜਿਵੇਂ ਸਕ੍ਰੀਨਾਂ) ਦਾ ਇੰਤਜ਼ਾਮ ਕਰਨ ਦੇ ਇਰਾਦੇ ਨਾਲ ਟੀਮ ਤੁਹਾਡੇ ਮਾਮਲੇ ਦਾ ਮੁਲਾਂਕਣ ਕਰੇਗੀ, ਸਬੂਤ ਪੇਸ਼ ਕਰਨ ਵਿੱਚ ਤੁਹਾਨੂੰ ਵਧੇਰਾ ਵਿਸ਼ਵਾਸ ਦਵਾਉਣ ਲਈ ਜਿਨ੍ਹਾਂ ਲਈ ਬੇਨਤੀ ਕੀਤੀ ਜਾ ਸਕਦੀ ਹੈ। ਅਦਾਲਤ ਵਿੱਚ ਕਿਸੇ ਵੀ ਮੁਕੱਦਮੇ ਤੋਂ ਪਹਿਲਾਂ ਬੇਨਤੀ ਕਰਨ ਲਈ ਬਹੁਤ ਹੀ ਸ਼ੁਰੂਆਤੀ ਪੜਾਅ ’ਤੇ ਇਹ ਮੁਲਾਂਕਣ ਪੂਰਾ ਕੀਤਾ ਜਾਵੇਗਾ। ਅਸੀਂ ਜਾਣਦੇ ਹਾਂ ਕਿ ਅਕਸਰ ਇਹ ਜੁਰਮ ਤੋਂ ਪੀੜਿਤਾਂ ਦਾ ਬਹੁਤ ਅਸਲ ਡਰ ਹੁੰਦਾ ਹੈ, ਪਰ ਅਸੀਂ ਇਕੱਠੇ ਤੁਹਾਨੂੰ ਅਦਾਲਤੀ ਪ੍ਰਕ੍ਰਿਆਵਾਂ ਪੂਰੀਆਂ ਕਰਵਾਵਾਂਗੇ।



# ਜੁਰਮ ਦੀ ਰੋਕਥਾਮ ਲਈ ਸਲਾਹ ਅਤੇ ਵਧੇਰੀ ਜਾਣਕਾਰੀ

**ਅਸੀਂ ਸਮਝਦੇ ਹਾਂ ਕਿ ਜੁਰਮ ਤੋਂ ਪੀੜਿਤ ਹੋਣਾ ਤੁਹਾਨੂੰ ਕਮਜ਼ੋਰ ਮਹਿਸੂਸ ਕਰਾ ਸਕਦਾ ਹੈ। ਜੇਕਰ ਸਹਾਇਤਾ ਅਤੇ ਜਾਂਚ ਅਤੇ ਅਪਰਾਧਿਕ ਨਿਆਂ ਪ੍ਰਕ੍ਰਿਆ ਬਾਰੇ ਮੁਫ਼ਤ ਅਤੇ ਸੁਤੰਤਰ ਸਲਾਹ ਲਈ ਤੁਹਾਨੂੰ Victim First ਦੀ ਲੋੜ ਹੈ ਤਾਂ ਉਹ ਮੌਜੂਦ ਹਨ।**

ਅਜਿਹੇ ਤਰੀਕੇ ਮੌਜੂਦ ਹਨ ਜਿਨ੍ਹਾਂ ਰਾਹੀਂ ਤੁਸੀਂ ਕੁਝ ਆਸਾਨ ਸੁਰੱਖਿਆ ਉਪਾਅ ਕਰ ਕੇ ਅਤੇ ਇਸ ਬਾਰੇ ਧਿਆਨ ਨਾਲ ਸੋਚ ਕੇ, ਕਿ ਤੁਸੀਂ ਕਿਹੜੀ ਜਾਣਕਾਰੀ ਆਨਲਾਈਨ ਪਾਉਂਦੇ ਹੋ, ਤੁਸੀਂ ਆਪਣੇ ਆਪ ਨੂੰ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਵਾ ਸਕਦੇ ਹੋ।

ਲੈਸਟਰਸ਼ਾਇਰ ਪੁਲਿਸ ਦੀ ਵੈੱਬਸਾਈਟ www.leics.police.uk/cp ’ਤੇ ਜੁਰਮ ਨੂੰ ਰੋਕਣ ਲਈ ਬਹੁਤ ਉਪਯੋਗੀ ਸਲਾਹ ਦਿੱਤੀ ਗਈ ਹੈ

ਤੁਸੀਂ ਵੀ www.neighbourhoodlink.co.uk ’ਤੇ Neighbourhood Link ਨਾਂ ਦੀ ਸਾਡੀ ਕਮਿਊਨਿਟੀ ਮੈਸੇਜਿੰਗ ਸਕੀਮ ਲਈ ਸਾਈਨ ਅਪ ਕਰ ਸਕਦੇ ਹੋ। ਇਹ ਤੁਹਾਨੂੰ ਪੁਲਿਸ ਤੋਂ ਜਾਣਕਾਰੀ ਅਤੇ ਸਲਾਹ ਪ੍ਰਾਪਤ ਕਰਨ ਦੇ ਯੋਗ ਬਣਾਏਗਾ ਅਤੇ ਤੁਸੀਂ ਸਥਾਨਕ ਪੁਲਿਸ ਤਰਜੀਹਾਂ ਬਾਰੇ ਫੀਡਬੈਕ ਦੇ ਸਕਦੇ ਹੋ।

@LeicsPolice

ਲੈਸਟਰਸ਼ਾਇਰ ਪੁਲਿਸ

leicestershire_police

www.leics.police.uk

**ਨੋਟਸ / ਹੋਰ ਸਵਾਲ:**